# ਕੋਵਿਡ-19 ਕਿਰਾਇਆ ਰਾਹਤ ਗਰਾਂਟਾਂ

## ਸਵਾਲ ਅਤੇ ਜਵਾਬ

Information in Punjabi

### ਕਿਰਾਇਆ ਰਾਹਤ ਗਰਾਂਟ ਕੀ ਹੈ?

ਵਿਕਟੋਰੀਆ ਦੀ ਸਰਕਾਰ ਨੇ 80 ਮਿਲੀਅਨ ਡਾਲਰ ਦਾ ਕਿਰਾਇਆ ਸਹਾਇਤਾ ਫੰਡ ਕਿਰਾਏ ਦੇ ਘਰ ਵਿੱਚ ਰਹਿਣ ਵਾਲੇ ਲੋਕਾਂ ਲਈ ਸਥਾਪਿਤ ਕੀਤਾ ਹੈ। ਇਹ ਫੰਡ ਵਿਕਟੋਰੀਆ ਦੇ ਉਨ੍ਹਾਂ ਵਾਸੀਆਂ ਲਈ ਉਪਲਬਧ ਹੈ ਜਿੰਨ੍ਹਾਂ ਦੀ ਆਮਦਨੀ ਦਾ ਸਰੋਤ ਕਰੋਨਾਵਾਇਰਸ (ਕੋਵਿਡ-19) ਮਹਾਂਮਾਰੀ ਦੇ ਕਾਰਣ ਚਲਾ ਗਿਆ ਹੈ। ਆਪਣਾ ਕਿਰਾਇਆ ਭਰਨ ਵਿੱਚ ਆ ਰਹੀ ਔਖ ਵਾਲੇ ਵਿਕਟੋਰੀਆ ਦੇ ਵਾਸੀ 3,000 ਡਾਲਰ ਤੱਕ ਦੀ ਗਰਾਂਟ ਦੇ ਯੋਗ ਹੋ ਸਕਦੇ ਹਨ।

### ਕਿਰਾਇਆ ਰਾਹਤ ਗਰਾਂਟ ਵਾਸਤੇ ਕੌਣ ਯੋਗ ਹੈ?

ਗਰਾਂਟ ਵਾਸਤੇ ਯੋਗ ਹੋਣ ਲਈ ਤੁਹਾਨੂੰ ਇਹ ਕਰਨ ਦੀ ਲੋੜ ਹੋਵੇਗੀ:

- ਆਪਣੇ ਮਾਲਕ ਮਕਾਨ ਨਾਲ ਕਿਰਾਇਆ ਘਟਾਉਣ ਲਈ ਸਹਿਮਤੀ ਅਤੇ ਕਿਰਾਏ ਦੇ ਨਵੇਂ ਇਕਰਾਰਨਾਮੇ ਨੂੰ Consumer Affairs Victoria (ਖਪਤਕਾਰ ਮਾਮਲੇ ਵਿਕਟੋਰੀਆ) ਕੋਲ ਦਰਜ ਕਰਵਾਉਣਾ। ਜੇ ਤੁਸੀਂ ਆਪਣੇ ਮਾਲਕ ਮਕਾਨ ਨਾਲ ਇਕਰਾਰਨਾਮੇ ਤੱਕ ਪਹੁੰਚਣ ਵਿੱਚ ਨਾਕਾਮ ਰਹਿੰਦੇ ਹੋ ਤਾਂ ਤੁਸੀਂ Consumer Affairs Victoria (ਖਪਤਕਾਰ ਮਾਮਲੇ ਵਿਕਟੋਰੀਆ) ਕੋਲੋਂ ਸਹਾਇਤਾ ਲੈ ਸਕਦੇ ਹੋ
- ਇਹ ਲਾਜ਼ਮੀ ਹੈ ਕਿ ਤੁਹਾਡੀ ਆਮਦਨ 1,903 ਡਾਲਰ ਪ੍ਰਤੀ ਹਫਤਾ ਤੋਂ ਘੱਟ ਹੋਵੇ
- ਅਤੇ ਇਹ ਲਾਜ਼ਮੀ ਹੈ ਕਿ ਤੁਹਾਡੇ ਕੋਲ 10,000 ਡਾਲਰ ਤੋਂ ਘੱਟ ਹੋਣੇ ਦੀ ਬੱਚਤ ਹੋਵੇ।

ਆਰਜ਼ੀਕਰਤਾਵਾਂ ਲਈ ਨਾਗਰਿਕ ਜਾਂ ਸਥਾਈ ਨਿਵਾਸੀ ਹੋਣ ਦੀ ਜ਼ਰੂਰਤ ਨਹੀਂ ਹੈ।

### ਮੈਂ ਗਰਾਂਟ ਲਈ ਅਰਜ਼ੀ ਕਿਵੇਂ ਦੇਵਾਂ?

ਜੇ ਤੁਸੀਂ ਆਪਣੇ ਕਿਰਾਏ ਦੇ ਨਵੇਂ ਇਕਰਾਰਨਾਮੇ ਨੂੰ Consumer Affairs Victoria (ਖਪਤਕਾਰ ਮਾਮਲੇ ਵਿਕਟੋਰੀਆ) ਕੋਲ ਦਰਜ ਕਰਵਾਇਆ ਹੈ, ਤੁਸੀਂ ਕਿਰਾਇਆ ਰਾਹਤ ਗਰਾਂਟ ਲਈ ਔਨਲਾਈਨ ਅਰਜ਼ੀ https://rentrelief.covid19.dhhs.vic.gov.au/ ਰਾਹੀਂ ਦੇ ਸਕਦੇ ਹੋ

### ਗਰਾਂਟ ਨੂੰ ਕਿਸ ਚੀਜ਼ ਵਾਸਤੇ ਵਰਤਿਆ ਜਾ ਸਕਦਾ ਹੈ?

ਜੇ ਤੁਹਾਡੀ ਗਰਾਂਟ ਮਨਜ਼ੂਰ ਹੋ ਜਾਂਦੀ ਹੈ ਤਾਂ ਭੁਗਤਾਨ ਸਿੱਧਾ ਤੁਹਾਡੇ ਮਾਲਕ ਮਕਾਨ ਨੂੰ ਕਿਰਾਏ ਦੇ ਨਵੇਂ ਇਕਰਾਰਨਾਮੇ ਦੇ ਭੁਗਤਾਨ ਕਰਨ ਲਈ ਦਿੱਤਾ ਜਾਵੇਗਾ।

### ਮੈਂ ਵਧੇਰੇ ਜਾਣਕਾਰੀ ਕਿੱਥੋਂ ਲੱਭ ਸਕਦਾ ਹਾਂ?

ਕੋਵਿਡ-19 ਕਿਰਾਇਆ ਰਾਹਤ ਗਰਾਂਟਾਂ ਬਾਰੇ ਤਾਜ਼ਾ ਜਾਣਕਾਰੀ ਲਈ, ਇੱਥੇ ਜਾਓ
<https://www.housing.vic.gov.au/help-renting/rentrelief>

Consumer Affairs Victoria (ਖਪਤਕਾਰ ਮਾਮਲੇ ਵਿਕਟੋਰੀਆ) ਕੋਲ ਕਿਰਾਏ ਦੇ ਨਵੇਂ ਇਕਰਾਰਨਾਮੇ ਨੂੰ ਦਰਜ ਕਰਵਾਉਣ ਜਾਂ ਸਹਾਇਤਾ ਲੈਣ ਵਾਸਤੇ, ਇੱਥੇ ਜਾਓ
<https://www.consumer.vic.gov.au/resources-and-tools/advice-in-a-disaster/coronavirus-covid19-and-your-rights/renting-rules-and-support-during-the-moratorium>

ਉਪਰ ਲਿਖੀ ਕਿਸੇ ਵੀ ਜਾਣਕਾਰੀ ਬਾਰੇ ਜੇ ਤੁਹਾਨੂੰ ਦੋਭਾਸ਼ੀਏ ਕੋਲੋਂ ਮਦਦ ਦੀ ਲੋੜ ਪੈਂਦੀ ਹੈ ਤਾਂ Translating and Interpreting Service (ਅਨੁਵਾਦ ਅਤੇ ਦੁਭਾਸ਼ੀਆ ਸੇਵਾ) (TIS National) ਨੂੰ 131 450 ਉੱਤੇ ਫੋਨ ਕਰੋ।

ਵਿਕਟੋਰੀਆ ਦੀ ਸਰਕਾਰ 1 Treasury Place, Melbourne ਵੱਲੋਂ ਅਧਿਕਾਰਿਤ ਅਤੇ ਪ੍ਰਕਾਸ਼ਿਤ।
© ਵਿਕਟੋਰੀਆ ਰਾਜ, ਆਸਟ੍ਰੇਲੀਆ, Department of Health and Human Services (ਸਿਹਤ ਅਤੇ ਮਨੁੱਖੀ ਸੇਵਾਵਾਂ ਦਾ ਵਿਭਾਗ), ਸਤੰਬਰ 2020.

VICTORIA State Government | Health and Human Services